# ਛਾਤੀ ਦੀ ਜਾਂਚ ਲਈ ਇਕ ਛੋਟੀ ਗਾਈਡ

BreastScreen Queensland

## ਛਾਤੀ ਦੀ ਜਾਂਚ (ਬ੍ਰੈਸਟ ਸਕ੍ਰੀਨ) ਕੀ ਹੈ?

ਛਾਤੀ ਦੀ ਜਾਂਚ (ਮੈਮੋਗ੍ਰਾਮ) ਛਾਤੀਆਂ ਵਿੱਚ ਬਹੁਤ ਛੋਟੇ ਕੈਂਸਰਾਂ ਨੂੰ ਲੱਭਣ ਲਈ ਐਕਸ-ਰੇ ਦੀ ਵਰਤੋਂ ਕਰਦੀ ਹੈ ਜੋ ਕਿਸੇ ਔਰਤ ਜਾਂ ਉਸ ਦੇ ਡਾਕਟਰ ਦੁਆਰਾ ਵੇਖੇ ਜਾਂ ਮਹਿਸੂਸ ਨਹੀਂ ਕੀਤੇ ਜਾ ਸਕਦੇ। ਛਾਤੀ ਦੇ ਕੈਂਸਰ ਜੋ ਬਹੁਤ ਛੋਟੇ ਹੋਣ 'ਤੇ ਲੱਭ ਲਏ ਜਾਂਦੇ ਹਨ, ਉਨ੍ਹਾਂ ਦਾ ਵਧੇਰੇ ਸੌਖੇ ਤਰੀਕੇ ਨਾਲ ਇਲਾਜ ਕੀਤਾ ਜਾ ਸਕਦਾ ਹੈ।

### ਸਾਡੇ ਨਾਲ ਛਾਤੀ ਦੀ ਜਾਂਚ

- ਮੁਫ਼ਤ ਹੈ
- ਇਸ ਵਿੱਚ 30 ਮਿੰਟਾਂ ਤੋਂ ਵੀ ਘੱਟ ਸਮਾਂ ਲੱਗਦਾ ਹੈ
- ਇਹ ਸਾਰੇ ਕੁਈਨਜ਼ਲੈਂਡ ਵਿੱਚ ਉਪਲਬਧ ਹੈ
- ਡਾਕਟਰ ਦੀ ਸਿਫਾਰਸ਼ ਦੀ ਲੋੜ ਨਹੀਂ ਹੈ

ਛਾਤੀ ਦੀ ਜਾਂਚ ਦੌਰਾਨ ਕੀ ਵਾਪਰਦਾ ਹੈ ਇਸ ਬਾਰੇ ਵੀਡੀਓ ਵੇਖਣ ਲਈ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ। ਤੁਸੀਂ breastscreen.qld.gov.au 'ਤੇ ਵੀ ਜਾ ਸਕਦੇ ਹੋ ਅਤੇ 'ਹੈਵਿੰਗ ਏ ਬ੍ਰੈਸਟ ਸਕ੍ਰੀਨ' ਸਫ਼ੇ 'ਤੇ ਵੀਡੀਓ ਲੱਭ ਸਕਦੇ ਹੋ।

### ਛਾਤੀ ਦੀ ਜਾਂਚ ਕੌਣ ਕਰਵਾ ਸਕਦਾ ਹੈ?

ਅਸੀਂ 40 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ* ਨੂੰ ਅਤੇ ਜੇ ਉਨ੍ਹਾਂ ਦੀਆਂ ਛਾਤੀਆਂ ਵਿੱਚ ਕੋਈ ਤਬਦੀਲੀਆਂ ਨਹੀਂ ਵੇਖੀਆਂ ਗਈਆਂ ਹਨ, ਨੂੰ ਛਾਤੀ ਦੀ ਜਾਂਚ ਦੀ ਪੇਸ਼ਕਸ਼ ਕਰਦੇ ਹਾਂ।

*ਅਤੇ ਲਿੰਗ ਵਿਭਿੰਨਤਾ ਵਾਲੇ ਲੋਕ ਜੋ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਜਿਵੇਂ ਕਿ breastscreen.qld.gov.au/should-i-screen/who-can-have-a-breast-screen 'ਤੇ ਦੱਸਿਆ ਗਿਆ ਹੈ

ਮੈਨੂੰ ਸਕੈਨ ਕਰੋ



## ਕੀ ਤੁਸੀਂ 50 ਤੋਂ 74 ਸਾਲ ਦੀ ਉਮਰ ਦੇ ਹੋ?

ਉਮਰ ਦੀ ਇਸ ਸੀਮਾ ਵਿੱਚ ਔਰਤਾਂ ਲਈ ਛਾਤੀ ਦੀ ਛਾਣਬੀਣ ਸਭ ਤੋਂ ਪ੍ਰਭਾਵਸ਼ਾਲੀ ਹੁੰਦੀ ਹੈ। 50 ਤੋਂ 74 ਸਾਲ ਦੀ ਉਮਰ ਦੀਆਂ ਜ਼ਿਆਦਾਤਰ ਔਰਤਾਂ ਨੂੰ ਹਰ 2 ਸਾਲ ਬਾਅਦ ਛਾਤੀ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

## ਕੀ ਤੁਸੀਂ 40 ਤੋਂ 49 ਸਾਲ ਜਾਂ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ?

ਇਨ੍ਹਾਂ ਉਮਰਾਂ ਵਿੱਚ ਔਰਤਾਂ ਲਈ ਛਾਤੀ ਦੀ ਜਾਂਚ ਦੇ ਵੱਖੋ ਵੱਖਰੇ ਖ਼ਤਰੇ ਅਤੇ ਫਾਇਦੇ ਹਨ। ਇਹ ਪਤਾ ਕਰਨ ਲਈ ਆਪਣੇ ਡਾਕਟਰ ਨਾਲ ਗੱਲ ਕਰੋ ਕਿ ਕੀ ਛਾਤੀ ਦੀ ਜਾਂਚ ਤੁਹਾਡੇ ਲਈ ਸਹੀ ਹੈ।

## ਕੀ ਤੁਸੀਂ 40 ਸਾਲ ਤੋਂ ਘੱਟ ਉਮਰ ਦੇ ਹੋ?

ਅਸੀਂ 40 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਲਈ ਛਾਤੀ ਦੀ ਜਾਂਚ ਦੀ ਪੇਸ਼ਕਸ਼ ਨਹੀਂ ਕਰਦੇ ਹਾਂ। ਛਾਤੀ ਦੀ ਜਾਂਚ 40 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਲਈ ਪ੍ਰਭਾਵਸ਼ਾਲੀ ਨਹੀਂ ਹੈ ਅਤੇ ਛਾਤੀ ਦੇ ਕੈਂਸਰ ਦਾ ਖ਼ਤਰਾ ਬਹੁਤ ਘੱਟ ਹੈ।

### ਨਤੀਜੇ

ਜ਼ਿਆਦਾਤਰ ਔਰਤਾਂ ਨੂੰ ਉਨ੍ਹਾਂ ਦੀ **ਛਾਤੀ ਦੀ ਜਾਂਚ ਦੇ 2 ਹਫ਼ਤਿਆਂ ਦੇ ਅੰਦਰ-ਅੰਦਰ** ਉਨ੍ਹਾਂ ਦੇ ਨਤੀਜੇ ਭੇਜ ਦਿੱਤੇ ਜਾਂਦੇ ਹਨ। ਜੇ ਤੁਸੀਂ ਸਾਨੂੰ ਤੁਹਾਡੇ ਡਾਕਟਰ ਦੇ ਵੇਰਵੇ ਦਿੱਤੇ ਹਨ ਤਾਂ ਅਸੀਂ ਤੁਹਾਡੇ ਨਤੀਜਿਆਂ ਨੂੰ ਉਨ੍ਹਾਂ ਨੂੰ ਵੀ ਭੇਜਾਂਗੇ। ਜੇ ਤੁਹਾਨੂੰ ਅਗਲੇਰੀਆਂ ਜਾਂਚਾਂ ਦੀ ਲੋੜ ਹੈ, ਤਾਂ ਸਾਡੀਆਂ ਨਰਸਾਂ ਵਿੱਚੋਂ ਇਕ ਤੁਹਾਨੂੰ ਇਸ ਬਾਰੇ ਗੱਲ ਕਰਨ ਲਈ ਫ਼ੋਨ ਕਰੇਗੀ ਕਿ ਅੱਗੇ ਕੀ ਹੋਵੇਗਾ।

**ਛਾਤੀ ਦੀ ਜਾਂਚ ਕਰਵਾਉਣ ਵਾਲੀਆਂ ਹਰ 1000 ਔਰਤਾਂ ਵਿੱਚੋਂ** ਸਿਰਫ਼ 6 ਵਿੱਚ ਛਾਤੀ ਦੇ ਕੈਂਸਰ ਦਾ ਪਤਾ ਲੱਗੇਗਾ।

## ਆਪਣੀ ਛਾਤੀ ਬਾਰੇ ਜਾਗਰੂਕ ਹੋਣਾ

ਕਿਸੇ ਵੀ ਛਾਣਬੀਣ ਵਾਲੀ ਜਾਂਚ ਦੇ ਵਾਂਗ, ਛਾਤੀਆਂ ਦੀ ਜਾਂਚ ਛਾਤੀ ਦੇ ਹਰ ਕੈਂਸਰ ਨੂੰ ਨਹੀਂ ਲੱਭ ਸਕਦੀ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਸਿੱਖੋ ਕਿ ਤੁਹਾਡੀਆਂ ਛਾਤੀਆਂ ਆਮ ਤੌਰ 'ਤੇ ਕਿਵੇਂ ਵਿਖਾਈ ਦਿੰਦੀਆਂ ਹਨ ਅਤੇ ਮਹਿਸੂਸ ਕਰਦੀਆਂ ਹਨ, ਅਤੇ ਜੇ ਤੁਸੀਂ ਕੋਈ ਤਬਦੀਲੀਆਂ ਵੇਖਦੇ ਹੋ ਤਾਂ ਆਪਣੇ ਡਾਕਟਰ ਨੂੰ ਮਿਲੋ।

**ਮੁਲਾਕਾਤ ਤੈਅ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ**
**breastscreen.qld.gov.au 'ਤੇ ਜਾਓ ਜਾਂ 13 20 50 'ਤੇ ਫ਼ੋਨ ਕਰੋ**

Interpreter ਦੁਭਾਸ਼ੀਏ ਲਈ 13 14 50 'ਤੇ ਫ਼ੋਨ ਕਰੋ

Queensland Government